# BUDHA DAL PUBLIC SCHOOL PATIALA

## First Term Examination (23 September 2023)

**Class - X**

**Paper - Punjabi**

**Set - A**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

ਸ਼ਖ਼ਸੀਅਤ ਦਾ ਮੁੱਖ ਚਿੰਨ੍ਹ "ਪ੍ਰਸੰਨਤਾ" ਹੈ। ਜਿਸ ਦੇ ਅੰਦਰ ਪ੍ਰਸੰਨਤਾ ਹੋਵੇ, ਉਹੀ ਕਿਸੇ ਦੂਜੇ ਨੂੰ ਪ੍ਰਸੰਨ ਕਰ ਸਕਦਾ ਹੈ। ਪ੍ਰਸੰਨਤਾ ਨੂੰ ਇਸੇ ਲਈ ਸ਼ੁੱਭ ਸ਼ਗਨ ਸਮਝਿਆ ਜਾਂਦਾ ਹੈ ਕਿਉਂਕਿ ਜਿਸ ਹਿਰਦੇ ਵਿੱਚ ਪ੍ਰਸੰਨਤਾ ਹੈ, ਉੱਥੇ ਸਾੜਾ ਨਹੀਂ ਹੋ ਸਕਦਾ। ਸਾੜਾ ਬੜੀ ਕੁਸ਼ਗਨ ਅਵਸਥਾ ਹੈ। ਸਾੜਾ ਆਪਣੇ-ਆਪ ਵਿੱਚ ਭਰੋਸਾ ਨਹੀਂ ਰੱਖਦਾ, ਦਲਰ ਨਹੀਂ ਹੁੰਦਾ, ਹਿੰਮਤ ਤੋਂ ਕਤਰਾਂਦਾ ਹੈ। ਇਹ ਨਿਸ਼ਾਨੀਆਂ ਹੀਣਤਾ ਦੀਆਂ ਹਨ। ਇਸ ਲਈ ਜਿੱਥੇ ਸਾੜਾ ਹੁੰਦਾ ਹੈ, ਉੱਥੇ ਕ੍ਰੋਧ ਵੀ ਹੁੰਦਾ ਹੈ ਤੇ ਜਿੱਥੇ ਇਹ ਦੋਵੇਂ ਹੋਣ, ਉੱਥੇ ਫੇਰ ਕੋਈ ਭਲੀ ਗੱਲ ਨਹੀਂ ਰਹਿ ਸਕਦੀ। ਇਹ ਦੋਵੇਂ ਸ਼ਖ਼ਸੀਅਤ ਦੇ ਵਿਰੋਧੀ ਹਨ। ਜਦੋਂ ਵੀ ਇਹ ਆ ਜਾਣ ਆਪਣੇ-ਆਪ ਕੋਲੋਂ ਸ਼ਰਮ ਖਾਓ। ਜਿਹੜੀ ਉੱਚ ਸ਼ਖ਼ਸੀਅਤ ਦਾ ਆਦਰਸ਼ ਤੁਸਾਂ ਸਾਹਮਣੇ ਰੱਖਿਆ ਹੋਇਆ ਹੈ, ਉਸ ਦਾ ਚੇਤਾ ਕਰਕੇ ਕ੍ਰੋਧ ਦੂਰ ਕਰ ਲਿਆ ਕਰੋ। ਹੌਲੀ-ਹੌਲੀ ਅਵਸਥਾ ਬਦਲ ਜਾਵੇਗੀ ਤੇ ਕਿਸੇ ਦੀ ਸਫ਼ਲਤਾ ਤੁਹਾਨੂੰ ਪੀੜ੍ਹਤ ਨਹੀਂ ਕਰੇਗੀ, ਨਾ ਕਿਸੇ ਉੱਤੇ ਕ੍ਰੋਧ ਆਵੇਗਾ। ਸਗੋਂ ਆਪਣੀ ਕੀਤੀ ਪ੍ਰਸਨਤਾ ਰੂਪੀ ਮਿਹਨਤ ਨਾਲ ਤੁਹਾਡਾ ਮਨ ਵੀ ਖਿੜ੍ਹੇ ਫੁੱਲ ਵਾਂਗ ਦੂਸਰਿਆਂ ਨੂੰ ਮਹਿਕਾ ਵੰਡਦਾ ਫਿਰੇਗਾ। ਇਸ ਤੋਂ ਉਲਟ ਕ੍ਰੋਧ ਤੇ ਸਾੜਾ ਰੱਖਣ ਵਾਲਾ ਆਪ ਤਾਂ ਇਸ ਅੱਗ ਵਿੱਚ ਪਤਦਾ ਹੀ ਹੈ, ਨਾਲ ਹੀ ਨਾਲ ਹੋਰਨਾਂ ਨੂੰ ਵੀ ਇਸ ਵਿੱਚ ਧੱਕਾ ਦਿੰਦਾ ਹੈ। ਇਸ ਲਈ ਸਾਨੂੰ ਪੂਰੇ ਸਮਾਜ ਦੀ ਭਲਾਈ ਖਾਤਰ ਪ੍ਰਸੰਨਤਾ ਨੂੰ ਅਪਣਾਉਣਾ ਚਾਹੀਦਾ ਹੈ ਤੇ ਕ੍ਰੋਧ ਤੋਂ ਸਾੜੇ ਨੂੰ ਆਪਣੇ ਮਨਾਂ ਤੋਂ ਦੂਰ ਕਰਨਾ ਚਾਹੀਦਾ ਹੈ।

ੳ) ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਕਿਹੜਾ ਹੈ?

1) ਕ੍ਰੋਧ 2) ਹਿਰਦਾ 3) ਪ੍ਰਸੰਨਤਾ 4) ਸਾੜਾ

ਅ) ਸ਼ਖ਼ਸੀਅਤ ਦੇ ਵਿਰੋਧੀ ਚਿੰਨ੍ਹ ਕਿਹੜੇ ਹਨ?

1) ਰੋਣਾ ਤੇ ਹੱਸਣਾ 2) ਸਾੜਾ ਤੇ ਕ੍ਰੋਧ 3) ਕ੍ਰੋਧ ਤੇ ਸ਼ਹਿਣਸ਼ੀਲਤਾ 4) ਲਾਡ-ਪਿਆਰ

ੲ) ਜਦੋਂ ਕਿਸੇ ਦੇ ਅੰਦਰ ਕ੍ਰੋਧ ਜਾਂ ਸਾੜਾ ਆ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ?

1) ਲੋਕਾਂ ਵਿੱਚ ਨੁਕਸ ਕੱਢਣੇ ਚਾਹੀਦੇ ਹਨ।

2) ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ।

3) ਜੀਵਨ ਦੇ ਝਮੇਲੇ ਤਿਆਗ ਦੇਣੇ ਚਾਹੀਦੇ ਹਨ।

4) ਉਪਰੋਕਤ ਕੋਈ ਨਹੀਂ।

ਸ) ਪੈਰ੍ਹੇ ਵਿੱਚ ਆਏ 'ਪੀੜ੍ਹਤ' ਸ਼ਬਦ ਤੋਂ ਕੀ ਭਾਵ ਹੈ?

1) ਰੋਗੀ 2) ਖੁਸ਼ 3) ਮਨ 4) ਦੁੱਖੀ

ਹ) ਪ੍ਰਸੰਨਤਾ ਦੀ ਕੀ ਪਛਾਣ ਹੈ?

1) ਪ੍ਰੰਸਨਤਾ ਨਾ ਹੋਣਾ 2) ਦੁੱਖ ਨਾ ਹੋਣਾ 3) ਸਾੜਾ ਨਾ ਹੋਣਾ 4) ਬਿਮਾਰੀ ਨਾ ਹੋਣਾ



A-1

Scanned by Scanner Go

ਕ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

1) ਘਰ ਦੀ ਖੁਸ਼ੀ  2) ਸ਼ਖ਼ਸੀਅਤ ਦਾ ਮੁੱਖ ਚਿੰਨ੍ਹ-ਪ੍ਰਸੰਨਤਾ

3) ਗੁਆਂਢੀਆਂ ਦੀ ਪ੍ਰਸੰਨਤਾ  4) ਕਿਸੇ ਦੀ ਤਰੱਕੀ ਤੋਂ ਸੜਨਾ  (1×4=4)

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।**

ਹਰ ਮੋੜ ਤੇ ਚਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ
ਬਲਦਾਂ ਦੀ ਜੋੜੀ ਅੱਗੇ ਅੱਗੇ ਭੱਜਦੀ
ਬਲਦਾਂ ਨੂੰ ਚਾਚਾ ਚਾਵਾਂ ਨਾਲ ਹੱਕਦਾ
ਵੇਲਣੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ
ਗੰਨਿਆਂ ਦੀ ਭਰੀ 'ਛੱਜਾ' ਗਿਆ ਸੁੱਟ ਕੇ
ਗੰਨੇ ਘੜੇ ਕਾਮਿਆਂ, ਕਮਾਦੋਂ ਕੱਟ ਕੇ

ੳ) ਬਲਦਾਂ ਨੂੰ ਚਾਵਾਂ ਨਾਲ ਕੌਣ ਹੱਕਦਾ ਹੈ?

1) ਕਿਸਾਨ  2) ਚਾਚਾ  3) ਗੱਭਰੂ  4) ਤਾਇਆ

ਅ) ਗੰਨੇ ਕਿਨ੍ਹਾਂ ਨੇ ਘੜੇ ਹਨ?

1) ਚਾਚੇ ਨੇ  2) ਕਿਸਾਨ ਨੇ  3) ਸੀਰੀ ਨੇ  4) ਕਾਮਿਆਂ ਨੇ

ੲ) 'ਘੁਲਾੜੀ' ਸ਼ਬਦ ਦਾ ਕੀ ਅਰਥ ਹੈ?

1) ਗੰਨਾ ਪੀੜਨ ਵਾਲਾ ਯੰਤਰ  2) ਆਟਾ ਪੀਸਣ ਵਾਲਾ ਯੰਤਰ

3) ਹੱਲ ਚਲਾਉਣ ਵਾਲਾ ਯੰਤਰ  4) ਕਣਕ ਕੱਢਣ ਵਾਲਾ ਯੰਤਰ

ਸ) ਗੰਨੇ ਕਿੱਥੋਂ ਘੜੇ ਸਨ?

1) ਖੇਤਾਂ ਵਿੱਚੋਂ  2) ਕਮਾਦ ਵਿੱਚੋਂ  3) ਕਿਲ੍ਹੇ ਵਿੱਚੋਂ  4) ਰਾਹ ਵਿੱਚੋਂ

## ਭਾਗ – ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

1) ਰੇਲ-ਬਸ  2) ਘਿਓ-ਪਾਣੀ  3) ਗੁਣ-ਅਕਲ  4) ਵਿਆਹ-ਸ਼ਾਦੀ

ਅ) ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ:

1) ਸੰਗੀ-ਸਾਥੀ  2) ਘਰ-ਜਵਾਈ  3) ਦਿਨ-ਰਾਤ  4) ਹੋਰ-ਹੋਰ

ੲ) ਹੇਠ ਲਿਖਿਆਂ ਵਿਕਲਪਾਂ ਵਿੱਚੋਂ ਕਿਹੜਾ ਭਿੰਨ ਅਰਥਾਂ ਵਾਲਾ ਇਕ ਸਮਾਸੀ ਸ਼ਬਦ ਹੈ :

1) ਉੱਚੀ-ਉੱਚੀ  2) ਸੋਨਾ-ਚਾਂਦੀ  3) ਪਾਣੀ-ਧਾਣੀ  4) ਕੱਪੜਾ-ਲੀੜਾ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਹੜਾ ਸ਼ਬਦ 'ਵੱਟ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ?

1) ਮਰੋੜ  2) ਛੋਟਾ ਰਸਤਾ  3) ਗੁੱਸਾ  4) ਬੱਤੀ

ਅ) ਜੋ ਸ਼ਬਦ ਇੱਕ ਤੋਂ ਜ਼ਿਆਦਾ ਅਰਥ ਰੱਖਦਾ ਹੈ, ਉਸਨੂੰ ਕੀ ਕਹਿੰਦੇ ਹਨ?

1) ਨਾਂਵ ਸ਼ਬਦ  2) ਅਗੇਤਰ  3) ਪੜਨਾਂਵ ਸ਼ਬਦ  4) ਬਹੁ-ਅਰਥਕ ਸ਼ਬਦ

ੲ) 'ਸੂਤ' ਦਾ ਇੱਕ ਅਰਥ ਹੈ 'ਕੱਚਾ ਧਾਗਾ' ਦੂਜਾ ਅਰਥ ਹੈ :

1) ਠੀਕ  2) ਏਕਤਾ  3) ਕੰਮ  4) ਉਪਰੋਕਤ ਵਿੱਚੋਂ ਕੋਈ ਨਹੀਂ

A-2



Scanned by Scanner Go

5) **ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:

1) ਅਧੂਰਾ, ਖੱਬਾ, ਬੇਸ਼ਕ 2) ਹਾਂ, ਨਾਂ, ਨਹੀਂ 3) ਪਰਸੋਂ, ਸਵੇਰੇ, ਦੁਪਹਿਰੇ 4) ਅਚਨਚੇਤ, ਇਸ ਤਰ੍ਹਾਂ, ਕਿਵੇ

ਅ) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ:

ਰਾਜਨ ਹੀ ਤਾਂ ਸ਼ਰਾਰਤੀ ਹੈ।

1) ਰਾਜਨ 2) ਹੀ ਤਾਂ 3) ਸ਼ਰਾਰਤੀ 4) ਹੈ

ੲ) ਕਿਰਿਆ ਵਿਸ਼ੇਸ਼ਣ ਕਿੰਨੀ ਕਿਸਮ ਦੀ ਹੁੰਦੀ ਹੈ?

1) ਸੱਤ 2) ਪੰਜ 3) ਅੱਠ 4) ਛੇ

6) **ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

**ੳ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਉਪ, ਅੰਤਰ

**ਅ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਆਈ, ਸਾਰ

7) **ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਅਰਥ ਸਪੱਸ਼ਟ ਹੋ ਜਾਣ:** (4×1=4)

ਘਿਓ ਸ਼ੱਕਰ ਹੋਣਾ, ਖੇਹ ਉਡਾਉਣੀ, ਕਿਸਮਤ ਦਾ ਧਨੀ, ਕੰਨਾਂ 'ਤੇ ਜੂੰ ਨਾ ਸਰਕਣਾ,

ਗਲ਼ ਪਿਆ ਢੋਲ ਵਜਾਉਣਾ, ਗੰਗਾ ਨਹਾਉਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**8) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਨਾਨਕ ਦੁਖੀਆ ਸਭੁ ਸੰਸਾਰ**

ਨੁਕਤੇ -

ਭੂਮਿਕਾ, ਮਹਾਂਪੁਰਖਾਂ ਦੇ ਕਥਨ, ਦੁਨੀਆ ਦਾ ਹਰ ਜੀਵ ਦੁਖੀ ਹੈ, ਛੋਟੇ-ਛੋਟੇ ਬੱਚਿਆਂ ਵਿੱਚ ਵੀ ਦੁੱਖ, ਅੱਡ-ਅੱਡ ਦੁੱਖ, ਦੁੱਖ-ਸੁੱਖ ਜ਼ਿੰਦਗੀ ਦੇ ਦੋ ਅੰਗ, ਦੁੱਖਾਂ ਦੇ ਕਾਰਨ, ਦੁੱਖਾਂ ਤੋਂ ਬਚਣ ਦੇ ਉਪਾਅ, ਸਾਰੰਸ਼।

**ਜਾਂ**

**ਕੁਦਰਤੀ ਕਰੋਪੀਆਂ**

ਨੁਕਤੇ -

ਭੂਮਿਕਾ, ਕਰੋਪੀ ਦੀਆਂ ਕਿਸਮਾਂ, ਭੂਚਾਲ, ਹੜ੍ਹ, ਕੁਦਰਤ ਨਾਲ ਛੇੜਛਾੜ, ਗਲੋਬਲ ਵਾਰਮਿੰਗ, ਵਾਤਾਵਰਨ ਪ੍ਰਦੂਸ਼ਣ, ਗਲੇਸ਼ੀਅਰਾਂ ਦਾ ਪਿਘਲਣਾ, ਮਹਾਂਸਾਗਰੀ ਲਹਿਰਾਂ, ਧਰਤੀ ਦਾ ਤਾਪਮਾਨ, ਸੁਝਾਅ।

**ਜਾਂ**

**ਕੰਮ ਦੀ ਮਹੱਤਤਾ**

ਨੁਕਤੇ -

ਕੰਮ ਦੀ ਜੀਵਨ ਵਿੱਚ ਮਹੱਤਤਾ, ਕੰਮ ਦੀ ਠੀਕ ਚੋਣ, ਲਗਨ ਨਾਲ ਕੰਮ ਕਰਨਾ, ਕੰਮ ਵਿੱਚ ਖੁਸ਼ੀ ਪ੍ਰਾਪਤ ਕਰਨੀ, ਕੋਈ ਵੀ ਕੰਮ ਛੋਟਾ ਵੱਡਾ ਨਹੀਂ, ਕੰਮ ਕਰਨ ਨਾਲ ਸਿਹਤਮੰਦ ਰਹਿਣਾ, ਘਰ ਦੇ ਛੋਟੇ-ਮੋਟੇ ਕੰਮ ਆਪ ਕਰਨਾ, ਕੰਮ ਕਰਨ ਵਾਲਿਆਂ ਦਾ ਸਨਮਾਨ ਕਰਨਾ, ਵਿਹਲਾ ਮਨ ਸ਼ੈਤਾਨ ਦਾ ਘਰ, ਜ਼ਿੰਦਗੀ ਨੂੰ ਮਾਨਣ ਤੇ ਹੰਢਾਉਣ ਵਿੱਚ ਕੰਮ ਦੀ ਮਹੱਤਤਾ, ਸਾਰੰਸ਼।



Scanned by Scanner Go

(1×6=6)

9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।


ਆਪਣੇ ਸ਼ਹਿਰ ਦੇ ਮਿਊਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਮੁੱਹਲੇ ਦੀ ਸਫ਼ਾਈ ਲਈ ਇੱਕ ਪੱਤਰ ਲਿਖੋ। ਨੁਕਤੇ: ਸਫ਼ਾਈ ਦੀ ਹਾਲਤ ਮਾੜੀ, ਕੂੜੇ ਦੇ ਢੇਰ, ਮੱਖੀਆਂ ਅਤੇ ਮੱਛਰ, ਬਦਬੂ, ਕੂੜਾ-ਕਬਾੜ ਗਲੀਆਂ ਵਿੱਚ, ਬਿਮਾਰੀ ਫੈਲਣ ਦਾ ਡਰ, ਸਫ਼ਾਈ ਦੇ ਆਦੇਸ਼, ਅੰਤਲਾ ਭਾਗ।

ਜਾਂ

ਤੁਹਾਡੇ ਮਿੱਤਰ ਦੀ ਮਾਤਾ ਜੀ ਦਾ ਹੜ੍ਹਾਂ ਦੇ ਪਾਣੀ ਵਿੱਚ ਡੁੱਬ ਜਾਣ ਕਾਰਨ ਦਿਹਾਂਤ ਹੋ ਗਿਆ ਹੈ। ਤੁਸੀਂ ਉਸਨੂੰ ਅਫ਼ਸੋਸ ਭਰਿਆ ਪੱਤਰ ਲਿਖ ਕੇ ਹਮਦਰਦੀ ਪ੍ਰਗਟ ਕਰੋ।
ਨੁਕਤੇ: ਕਿਸੇ ਹੋਰ ਦੋਸਤ ਤੋਂ ਮਾਤਾ ਜੀ ਦੇ ਚਲਾਣੇ ਬਾਰੇ ਪਤਾ ਲੱਗਣਾ, ਵਿਸ਼ਵਾਸ਼ ਨਾ ਆਉਣਾ, ਬਜ਼ੁਰਗਾਂ ਦੀ ਲੋੜ, ਪਰਮਾਤਮਾ ਦੀ ਰਜ਼ਾ, ਸੱਚੀ ਸ਼ਰਧਾਂਜਲੀ।

(4)

10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)

ੳ) 'ਘਰ ਦਾ ਪਿਆਰ' ਲੇਖ ਵਿੱਚ 'ਕਥੱਕੜ' ਸ਼ਬਦ ਦਾ ਕੀ ਅਰਥ ਹੈ?
1) ਥੱਕ ਜਾਣ ਵਾਲਾ 2) ਬੈਠੇ ਰਹਿਣ ਵਾਲਾ 3) ਕਥਾ ਕਰਨ ਵਾਲਾ 4) ਕੜ-ਕੜ ਕਰਨ ਵਾਲਾ

ਅ) ਜਵਾਨੀ ਅਤੇ ਬੁਢਾਪੇ ਨਾਲੋਂ ਕਈ ਗੁਣਾਂ ਕੀਮਤੀ ਸਮਾਂ ਕਿਹੜਾ ਹੁੰਦਾ ਹੈ?
1) ਸਕੂਲ ਦਾ 2) ਬਚਪਨ ਦਾ 3) ਕਾਲਜ ਦਾ 4) ਹੋਸਟਲ ਦਾ

ੲ) ਮਹਾਰਾਜਾ ਰਣਜੀਤ ਸਿੰਘ ਔਕੜ ਵੇਲੇ ਕੀ ਕਰਦਾ ਸੀ?
1) ਅਕਾਲ ਪੁਰਖ ਅੱਗੇ ਪ੍ਰਾਰਥਨਾ 2) ਸੈਨਾ ਨੂੰ ਹੁਕਮ ਦੇਣਾ
3) ਵਜ਼ੀਰ ਨਾਲ ਵਿਚਾਰ ਵਟਾਂਦਰਾ 4) ਦੁਸ਼ਮਣ 'ਤੇ ਹਮਲਾ ਕਰਨਾ

ਸ) 'ਅੰਗ-ਸੰਗ' ਕਹਾਣੀ ਦਾ ਕਹਾਣੀਕਾਰ ਕੌਣ ਹੈ?
1) ਸੁਜਾਨ ਸਿੰਘ 2) ਸੰਤ ਸਿੰਘ ਸੇਖੋਂ 3) ਵਰਿਆਮ ਸਿੰਘ ਸੰਧੂ 4) ਕੁਲਵੰਤ ਸਿੰਘ ਵਿਰਕ

ਹ) 'ਕੁਲਫ਼ੀ' ਕਹਾਣੀ ਵਿੱਚ ਲੇਖਕ ਛੋਲੇ ਕਿਸ ਤੋਂ ਲੈ ਕੇ ਆਉਂਦਾ ਸੀ?
1) ਚੰਨਣ ਰਾਮ 2) ਮਸੱਦੀ ਰਾਮ 3) ਮੱਖਣ ਰਾਮ 4) ਸੀਤਲ ਰਾਮ

ਕ) ਕਰਤਾਰ ਸਿੰਘ ਦੇ ਸਿਰ ਸੁਸਾਇਟੀ ਦਾ ਕਿੰਨ੍ਹਾਂ ਕਰਜ਼ਾ ਸੀ?
1) ਸੋਲਾਂ ਸੌ ਪੱਚੀ ਰੁਪਏ 2) ਪੂਰੇ ਸੋਲਾਂ ਸੌ ਰੁਪਏ 3) ਪੌਣੇ ਸੋਲਾਂ ਸੌ ਰੁਪਏ 4) ਸਾਢੇ ਸੋਲਾਂ ਸੌ ਰੁਪਏ



A-4

Scanned by Scanner Go

12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)

ੳ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਕਿਸ ਗੁਰੂ ਦੀ ਰਚਨਾ ਹੈ?

1) ਸ੍ਰੀ ਗੁਰੂ ਅੰਗਦ ਦੇਵ ਜੀ 2) ਸ੍ਰੀ ਗੁਰੂ ਅਮਰਦਾਸ ਜੀ
3) ਸ੍ਰੀ ਗੁਰੂ ਅਰਜਨ ਦੇਵ ਜੀ 4) ਸ੍ਰੀ ਗੁਰੂ ਨਾਨਕ ਦੇਵ ਜੀ

ਅ) ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ?

1) ਲੋਕਾਂ ਦੇ ਦਿਲ ਜਿੱਤਣ ਨਾਲ 2) ਇਨਸਾਨੀ ਜਜ਼ਬੇ ਨੂੰ ਹਲੂਣ ਕੇ
3) ਹੁਕਮਰਾਨ ਦੇ ਮਜ਼ਬੂਤ ਇਰਾਦੇ ਨਾਲ 4) ਵਿਉਂਤਾਂ ਬਣਾਉਣ ਨਾਲ

ੲ) 'ਕਿਰਪਾ ਕਰਿ ਕੈ ਬਖਸਿ ਲੈਹੁ' ਬਾਣੀ ਵਿੱਚ 'ਖਤੇ' ਸ਼ਬਦ ਕਾ ਦੀ ਅਰਥ ਹੈ?

1) ਖ਼ਤ 2) ਕਮਾਈ 3) ਭੁੱਲ 4) ਲੇਖਾ

ਸ) ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦੇ ਸਨ?

1) ਅਹਿਮਦਾਨਗਰ 2) ਮੁਕਤਸਰ 3) ਅਨੰਦਪੁਰ ਸਾਹਿਬ 4) ਦੀਨਾ ਕਾਂਗੜ

ਹ) ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਕਿੰਨ੍ਹਾਂ ਦੇ ਮੁਖੜੇ ਉਜਲੇ ਹੁੰਦੇ ਹਨ?

1) ਇਸਤਰੀ ਦਾ ਸਤਿਕਾਰ ਕਰਨ ਵਾਲੇ 2) ਰਾਜ ਕਰਨ ਵਾਲੇ
3) ਪ੍ਰਭੂ ਦੀ ਸਿਫ਼ਤ ਕਰਨ ਵਾਲੇ 4) ਗ੍ਰਹਿਸਥੀ ਜੀਵਨ ਵਾਲੇ

ਕ) ਜ਼ੀਨਤ ਨੇ ਆਪਣੇ ਪਿਤਾ (ਔਰੰਗਜ਼ੇਬ) ਨੂੰ ਕਿਸਦਾ ਵਕਤ ਖੁੰਝ ਜਾਣ ਦਾ ਚੇਤਾ ਕਰਵਾਇਆ?

1) ਦਰਬਾਰ ਜਾਣ ਦਾ 2) ਨਮਾਜ਼ ਦਾ 3) ਹਮਲਾ ਕਰਨ ਦਾ 4) ਦਵਾਈ ਦਾ

13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)

ੳ) ਕਾਕਾ ਸੁੱਤਾ ਪਿਆ ਕੀ ਬੁੜਬੁੜਾ ਰਿਹਾ ਸੀ?
ਅ) ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ?
ੲ) ਕਰਤਾਰ ਸਿੰਘ ਦਾ ਪਿਓ ਕਿੱਥੋਂ ਪੈਸੇ ਭੇਜਦਾ ਸੀ?
ਸ) ਬਚਪਨ ਵਿੱਚ ਮਨ ਉੱਤੇ ਚਿੱਤਰੇ ਲਫਜ਼ ਸਾਨੂੰ ਭੁੱਲਦੇ ਨਹੀਂ। ਉਹ ਕਿਸ ਵਰਗਾ ਕੰਮ ਦਿੰਦੇ ਹਨ?
ਹ) ਮਹਾਰਾਜਾ ਰਣਜੀਤ ਸਿੰਘ ਨੇ ਧਾੜਵੀ ਸਰਦਾਰ ਨੂੰ ਕਿਸ ਕਿਲ੍ਹੇ ਵਿੱਚ ਕੈਦ ਕੀਤਾ ਸੀ?

14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)
(ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ):

ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿਵੇਂ ਸ਼ਹੀਦ ਹੋਏ?
ਅ) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂ?
ੲ) ਲੇਖਕ ਨੇ ਕਾਕੇ ਨੂੰ ਟਾਲਣ ਲਈ ਕਿਹੜਾ ਲਾਲਚ ਦਿੱਤਾ ਤੇ ਕਿਉਂ?
ਸ) 'ਘਰ ਦਾ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ।' ਸਪੱਸ਼ਟ ਕਰੋ।
ਹ) ਕਰਤਾਰ ਸਿੰਘ ਦੀ ਛੋਟੀ ਉਮਰ ਵਿੱਚ ਮੌਤ ਹੋ ਜਾਣ ਦਾਂ ਕੀ ਕਾਰਨ ਸੀ?
ਕ) ਸਿੱਖ ਲਈ ਅਰਦਾਸ ਦਾ ਕੀ ਮਹੱਤਵ ਹੈ?
ਖ) 'ਜ਼ਫ਼ਰਨਾਮੇ' ਦਾ ਔਰੰਗਜ਼ੇਬ 'ਤੇ ਕੀ ਅਸਰ ਹੋਇਆ?
ਗ) ਕਾਰਲਾਈਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ-ਜਿਹਾ ਸੀ ਤੇ ਕਿਉਂ?



Scanned by Scanner Go

15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)

ੳ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਪਰਮਾਤਮਾ ਦੀ ਬਖਸ਼ਿਸ਼ ਵਿੱਚ ਕੀ ਖਾਸੀਅਤ ਹੈ ਅਤੇ ਉਹ ਜੀਵ ਨੂੰ ਕਿਵੇਂ ਬਖਸ਼ਦਾ ਹੈ?

ਅ) ਕੈਦੀ ਕੌਣ ਸੀ ਅਤੇ ਉਸਦਾ ਵਿਹਾਰ ਕਿਹੋ-ਜਿਹਾ ਸੀ?

ਜਾਂ

'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?

16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)

ੳ) 'ਜ਼ੀਨਤ-ਉਨ-ਨਿਸ਼ਾ' ਦੀ ਪਾਤਰ ਉਸਾਰੀ ਕਰੋ।

ਜਾਂ

ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ? ਜ਼ਫ਼ਰਨਾਮਾ ਇਕਾਂਗੀ ਦੇ ਅਧਾਰ 'ਤੇ ਦੱਸੋ।



Scanned by Scanner Go

# BUDHA DAL PUBLIC SCHOOL PATIALA
## First Term Examination (23 September 2023)
**Class - X**
**Paper - Punjabi (Set - B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

ਜਦੋਂ ਕੋਈ ਵਿਅਕਤੀ ਆਪਣੇ ਕਿਸੇ ਧਾਰਨਾ, ਆਦਰਸ਼ ਜਾਂ ਸਿਧਾਂਤ ਲਈ ਡਟ ਜਾਵੇ ਅਤੇ ਡਟਿਆ ਰਹੇ, ਕਿਸੇ ਕੀਮਤ 'ਤੇ ਨਾ ਵਿਕੇ ਅਤੇ ਨਿੱਜੀ ਪੱਧਰ ਉਤੇ ਵੱਡੇ-ਵੱਡੇ ਘਾਟਿਆਂ ਦੇ ਬਾਵਜੂਦ ਆਪਣੇ ਉਦੇਸ਼ ਵਿੱਚ ਦ੍ਰਿੜ੍ਹ ਰਹੇ ਤਾਂ ਸੰਸਾਰ ਸੋਚਣ ਲੱਗ ਪੈਂਦਾ ਹੈ ਅਤੇ ਸੰਸਾਰ ਨੂੰ ਸੋਚਣਾ ਪੈਂਦਾ ਹੈ ਕਿ ਇਸ ਵਿੱਚ ਕੁੱਝ ਹੈ, ਜੋ ਬਾਕੀਆਂ ਨਾਲੋਂ ਵੱਖਰਾ ਅਤੇ ਨਿਆਰਾ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਇਵੇਂ ਹੀ ਵਾਪਰਿਆ ਸੀ, ਕਿਉਂਕਿ ਉਨ੍ਹਾਂ ਵਿੱਚ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਦੇ ਗੁਣ ਸਨ। ਉਨ੍ਹਾਂ ਦੇ ਹੱਥ ਵਿਚੀ ਤਲਵਾਰ ਜਦੋਂ ਲਲਕਾਰ ਬਣ ਕੇ ਉੱਠੀ ਸੀ ਤਾਂ ਕੁਰਬਾਨੀਆਂ ਦੇਣ ਵਾਲੇ ਸਿਰ ਵੀ ਉੱਚੇ ਹੋ ਗਏ ਸਨ।

ਸਿਦਕ ਤੋਂ ਬਿਨਾਂ ਚਾਂਦਨੀ ਚੌਂਕ ਦਾ ਥਾਣਾ ਮੱਥਾ ਟੇਕਣ ਵਾਲੀ ਥਾਂ ਨਹੀਂ ਸੀ ਬਣਨਾ। ਸਿਰੜ ਤੋਂ ਬਿਨਾਂ ਚਮਕੌਰ ਅਤੇ ਫ਼ਤਿਹਗੜ੍ਹ ਨਾਲਸਾਹਿਬ ਨਹੀਂ ਸੀ ਜੁੜਨਾ ਅਤੇ ਦ੍ਰਿੜ੍ਹਨਾ ਤੋਂ ਬਿਨਾਂ ਆਨੰਦਪੁਰ ਸਾਹਿਬ ਨੇ ਨਵਾਂ ਅਤੇ ਨਿਵੇਕਲਾ ਇਤਿਹਾਸ ਨਹੀਂ ਸੀ ਸਿਰਜਣਾ।

ਸੁਪਨੇ ਅਤੇ ਆਦਰਸ਼ ਨੂੰ ਯਥਾਰਥ ਬਣਾਉਣਾ, ਦੁਚਿੱਤੀਆਂ ਵਿੱਚੋਂ ਰਾਹ ਲੱਭਣਾ ਅਤੇ ਮੰਜ਼ਿਲ 'ਤੇ ਪਹੁੰਚਣ ਲਈ ਹੌਂਸਲਾ ਬਣਾਈ ਰੱਖਣਾ ਅਨੋਖੇ ਬੰਦਿਆਂ ਦਾ ਕੰਮ ਹੁੰਦਾ ਹੈ। ਇਨ੍ਹਾਂ ਵਿੱਚ ਹੀ ਕੁਝ ਨਵਾਂ ਸੋਚਣ ਅਤੇ ਕੁਝ ਨਵਾਂ ਸਿਰਜਣ ਦੀ ਹਿੰਮਤ ਹੁੰਦੀ ਹੈ।

ਸੰਸਾਰ ਨੂੰ ਬਦਲਣ ਵਾਲੇ ਸੰਕਲਪ ਅਤੇ ਕਰਾਮਾਤਾਂ ਵਰਗੀਆਂ ਚਮਤਕਾਰੀ ਕਾਢਾਂ ਨਿਊਟਨ ਅਤੇ ਐਡੀਸਨ ਵਰਗੇ ਉਨ੍ਹਾਂ ਲੋਕਾਂ ਨੇ ਕੱਢੀਆਂ ਹਨ, ਜਿਹੜੇ ਨਿਰੰਤਰ ਅਸਫ਼ਲ ਹੋਣ ਦੇ ਬਾਵਜੂਦ ਯਤਨ ਕਰਦੇ ਹਰੇ, ਕਿਉਂਕਿ ਉਨ੍ਹਾਂ ਵਿੱਚ ਕੁਝ ਨਵਾਂ ਕਰ ਵਿਖਾਉਣ ਦਾ ਜੋਸ਼ ਤੇ ਉਤਸ਼ਾਹ ਸੀ।

ੳ) ਸੰਸਾਰ ਨੂੰ ਕਿਸ ਮਨੁੱਖ ਬਾਰੇ ਸੋਚਣਾ ਪੈਂਦਾ ਹੈ?
1) ਸਿਰੜੀ ਤੇ ਸਿਦ ਵਾਲੇ 2) ਬਹੁਤ ਬੋਲਣ ਵਾਲੇ 3) ਲੜਾਕੇ ਲਈ 4) ਹਸਮੁੱਖ ਵਾਲੇ

ਅ) ਕਿਸਦੀ ਤਲਵਾਰ ਲਲਕਾਰ ਬਣੀ ਸੀ?
1) ਗੁਰੂ ਹਰਿਗੋਬਿੰਦ ਸਾਹਿਬ ਜੀ ਦੀ 2) ਗੁਰੂ ਤੇਗ ਬਹਾਦਰ ਜੀ ਦੀ
3) ਗੁਰੂ ਹਰਿ ਰਾਇ ਜੀ ਦੀ 4) ਗੁਰੂ ਗੋਬਿੰਦ ਸਿੰਘ ਜੀ ਦੀ

ੲ) ਕਿੱਥੇ ਦਾ ਥਾਣਾ ਮੱਥਾ ਟੇਕਣ ਦੀ ਥਾਂ ਬਣਿਆ?
1) ਕੋਤਵਾਲੀ ਦਾ 2) ਚਾਂਦਨੀ ਚੌਂਕ ਦਾ 3) ਸਰਹੰਦ ਦਾ 4) ਫਤਿਹਗੜ੍ਹ ਦਾ

ਸ) ਸੰਸਾਰ ਨੂੰ ਬਦਲਣ ਵਾਲੇ ਸੰਕਪਲ ਅਤੇ ਕਰਾਮਾਤੀ ਕਾਢਾਂ ਕਿਸਨੇ ਕੱਢੀਆਂ?
1) ਐਡੀਸ਼ਨ ਅਤੇ ਰਾਜਗੁਰੂ 2) ਨਿਊਟਨ ਅਤੇ ਸੁਖਦੇਵ 3) ਨਿਊਟਨ ਅਤੇ ਐਡੀਸਨ 4) ਐਡੀਸਨ ਅਤੇ ਚਤੁਰਵੇਦੀ

ਹ) ਚਮਕੌਰ ਅਤੇ ਫਤਿਹਗੜ੍ਹ ਨਾਲ ਸਾਹਿਬ ਕਿਸ ਤਰ੍ਹਾਂ ਜੁੜਿਆ?
1) ਸਿਰੜ ਨਾਲ 2) ਹਾਰ ਕੇ 3) ਚਮਤਕਾਰ ਨਾਲ 4) ਨੀਹਾਂ ਪੱਕੀਆਂ ਕਰਕੇ

B-1

Scanned by Scanner Go

ਕ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

1) ਕ੍ਰੋਧ ਤੇ ਸਹਿਣਸ਼ੀਲਤਾ 2) ਸਾੜਾ ਤੇ ਦੁੱਖ 3) ਪ੍ਰਸੰਨਤਾ ਤੇ ਪਿਆਰ 4) ਸਿਦਕ, ਸਿਰੜ ਤੇ ਦ੍ਰਿੜ੍ਹ

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਕੁਝ ਸਾਹ ਉਧਾਰੇ ਦੇ ਦੇ ਨੀ ਅੰਮੀਏ,
ਮੈਂ ਜੱਗ ਵੇਖਣ ਦੀ ਚਾਹ ਰੱਖਦੀ ਹਾਂ।
ਤੇਰੀ ਮਮਤਾ ਦੀ ਅੱਗ ਕਿੰਨੀ ਏ,
ਮੈਂ ਅੱਗ ਸੇਕਣ ਦੀ ਚਾਹ ਰੱਖਦੀ ਹਾਂ।
ਭਲਾ ਦੱਸ ਕਿਉਂ ਖੋਹਦੀ ਏ ਮੈਥੋਂ
ਮੇਰੇ ਜਿਉਣ ਦਾ ਅਧਿਕਾਰ।
ਕੁੱਖ 'ਚ ਕਤਲ ਕਰਾ ਕੇ ਮੈਨੂੰ, ਦੱਸ ਭਲਾ ਕੀ ਵੱਟੇਂਗੀ।
ਆਪਦੇ ਰੂਪ ਦੀ ਦੁਸ਼ਮਣ ਬਣ ਕੇ, ਉਮਰਾਂ ਦੇ ਮਿਹਣੇ ਖੱਟੇਂਗੀ।

ੳ) ਇਸ ਕਵਿਤਾ ਵਿੱਚ ਕੌਣ ਆਪਣਾ ਦੁੱਖ ਸੁਣਾ ਰਿਹਾ ਹੈ?

1) ਅਣਜੰਮੀ ਧੀ 2) ਅਣਜੰਮਿਆ ਬੇਟਾ 3) ਮਾਂ ਦੀ ਮਮਤਾ 4) ਮਾਤਾ ਅਤੇ ਪਿਤਾ

ਅ) ਬੱਚੀ ਕਿਹੜੀ ਅੱਗ ਸੇਕਣਾ ਚਾਹੁੰਦੀ ਹੈ?

1) ਭੱਠੀ ਦੀ 2) ਮਾਂ ਦੀ ਮਮਤਾ ਦੇ ਨਿੱਘ ਦੀ 3) ਪਿਤਾ ਦੇ ਪਿਆਰ ਦੀ 4) ਹੀਟਰ ਦੀ

ੲ) ਮਾਂ ਬੱਚੀ ਤੋਂ ਕਿਹੜਾ ਅਧਿਕਾਰ ਖੋਹਦੀ ਹੈ?

1) ਖੇਡਣ ਦਾ 2) ਪੜ੍ਹਨ ਦਾ 3) ਜਨਮ ਦਾ 4) ਰੋਣ ਦਾ

ਸ) ਉਮਰਾਂ ਦੇ ਮਿਹਣੇ ਕਿਸਨੂੰ ਖੱਟਣੇ ਪੈਣਗੇ?

1) ਪਿਤਾ ਨੂੰ 2) ਧੀ ਨੂੰ 3) ਪਿਉ ਨੂੰ 4) ਮਾਤ ਨੂੰ

## ਭਾਗ – ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

1) ਕੁਝ-ਕਿਤਾਬਾਂ 2) ਅਬਦੁਲ-ਕਲਾਮ 3) ਰਹਿਣੀ-ਬਹਿਣੀ 4) ਪੇਸ਼ੇਵਰ-ਜੀਵਨ

ਅ) ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ:

1) ਸੋਚ-ਵਿਚਾਰ 2) ਉੱਚਾ-ਨੀਵਾਂ 3) ਗਰਮੀ-ਗੁਰਮੀ 4) ਦੇਸ਼-ਭਗਤ

ੲ) ਹੇਠ ਲਿਖਿਆਂ ਵਿਕਲਪਾਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਮਾਨਾਰਥਕ ਸ਼ਬਦਾ ਦੇ ਸੁਮੇਲ ਤੋਂ ਬਣਿਆ ਹੈ :

1) ਕੌਲ-ਕਰਾਰ 2) ਹਵਾ-ਪਾਣੀ 3) ਪਾਪ-ਪੁੰਨ 4) ਹਾਕੀ-ਹੂਕੀ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਹੜਾ ਸ਼ਬਦ 'ਸੂਆ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ?

1) ਵੱਡੀ ਸੂਈ 2) ਛੋਟੀ ਨਹਿਰ 3) ਇੱਕ ਚੰਦ 4) ਸੂਣਾ

ਅ) 'ਫੂਕ' ਦਾ ਇੱਕ ਅਰਥ ਖੁਸ਼ਾਮਦ ਹੈ, ਦਿੱਤੇ ਗਏ ਵਿਕਲਪਾਂ ਵਿੱਚੋਂ ਦੂਜਾ ਚੁਣੋ :

1) ਟਾਇਰ 2) ਸਾੜਨਾ 3) ਚੌਲਾਂ ਦਾ ਛਿਲਕਾ 4) ਉਪਰੋਕਤ ਵਿੱਚੋਂ ਕੋਈ ਨਹੀਂ

ੲ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੀ ਬਹੁ-ਅਰਥਕ ਸ਼ਬਦ ਦੀ ਪਰਿਭਾਸ਼ਾ ਹੈ?

1) ਜਿੰਨਾਂ ਸ਼ਬਦਾਂ ਦਾ ਉਚਾਰਨ ਅਤੇ ਅਰਥ ਇੱਕੋ ਜਿਹਾ ਹੋਵੇ।

2) ਜਿੰਨਾਂ ਸ਼ਬਦਾਂ ਦਾ ਉਚਾਰਨ ਬਿਲਕੁਲ ਉਲਟਾ ਹੋਵੇ।

3) ਜਿੰਨਾਂ ਸ਼ਬਦਾ ਦਾ ਉਚਾਰਨ ਲਗਭਗ ਇੱਕੋ ਜਿਹਾ ਹੋਵੇ ਪਰ ਅਰਥ ਵੱਖੋ-ਵੱਖਰੇ ਹੋਣ

4) ਇਹਨਾਂ ਵਿੱਚੋਂ ਕੋਈ ਨਹੀਂ

B-2

Scanned by Scanner Go

ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)

ੳ) ਜੋ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਮਿਣਤੀ ਜਾਂ ਮਿਕਦਾਰ ਬਾਰੇ ਦੱਸਣ ਉਨ੍ਹਾਂ ਨੂੰ ਕੀ ਆਖਦੇ ਹਨ?

1) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ 2) ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ

3) ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ 4) ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ

ਅ) ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:

1) ਇੱਕ, ਦੋ, ਤਿੰਨ 2) ਅੱਜ, ਕੱਲ, ਪਰਸੋਂ 3) ਅੰਦਰ, ਖੱਬੇ, ਨੇੜੇ 4) ਹੌਲੀ, ਤੇਜ, ਘੱਟ

ੲ) ਕਿਰਿਆ ਵਿਸ਼ੇਸ਼ਣ ਦੀ ਕਿਸਮ ਚੁਣੋ:

ਰਜਨੀ ਬਹੁਤ ਹੌਲੀ-ਹੌਲੀ ਤੁਰਦੀ ਹੈ।

1) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ 2) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

3) ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ 4) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

6) **ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

**ੳ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਦੁਰ, ਅਪ

**ਅ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਦਾਨ, ਈਲਾ

7) **ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਅਰਥ ਸਪੱਸ਼ਟ ਹੋ ਜਾਣ:** (4×1=4)

ਖਾਰ ਖਾਣੀ, ਗਿੱਲਾ ਪੀਹਣ ਪਾਉਣਾ, ਘੜੀਆਂ ਪਲਾਂ 'ਤੇ ਹੋਣਾ, ਘੱਟਾ ਛਾਣਦੇ ਫਿਰਨਾ, ਖਾਨਾ ਖ਼ਰਾਬ ਹੋਣਾ, ਕੰਨਾਂ ਦਾ ਕੱਚਾ ਹੋਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**8) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਮਨਿ ਜੀਤੈ ਜਗੁ ਜੀਤ**

ਨੁਕਤੇ -

ਭੂਮਿਕਾ, ਮਨ ਤੋਂ ਭਾਵ, ਸੁੱਖ ਦੀ ਇੱਛਾ, ਮਨ ਅਨੁਸਾਰ ਕਰਨਾ, ਮਨ ਜਿੱਤਣ ਦੀ ਜ਼ਰੂਰਤ, ਮਨ ਕਿਵੇਂ ਜਿੱਤਿਆ ਜਾਵੇ , ਮਨ ਦੀ ਜਿੱਤ, ਮਨਾਂ ਦੇ ਜੇਤੂ, ਸਾਰੰਸ਼।

**ਜਾਂ**

**ਨੌਜਵਾਨ ਪੀੜੀ ਵਿੱਚ ਵੱਧ ਰਹੀ ਨੈਤਿਕ ਗਿਰਾਵਟ**

ਨੁਕਤੇ -

ਭੂਮਿਕਾ, ਕਦਰਾਂ ਕੀਮਤਾਂ ਨੂੰ ਭੁੱਲਣਾ, ਸੱਭਿਆਚਾਰ ਅਨੁਸਾਰ ਜਿਉਣਾ, ਪੂੰਜੀਵਾਦ, ਇਮਾਨਦਾਰੀ ਦੀ ਬੇਕਦਰੀ, ਪੈਸਾ, ਨੈਤਿਕਤਾ ਤੇ ਸੰਸਕਾਰਾਂ ਦੀ ਕਮੀ, ਸਾਰੰਸ਼।

**ਜਾਂ**

**ਪੁਸਤਕਾਂ ਦੀ ਮਹੱਤਤਾ**

ਨੁਕਤੇ -

ਭੂਮਿਕਾ, ਜੀਵਨ ਵਿੱਚ ਰਿਸ਼ਤਿਆਂ ਦਾ ਮਹੱਤਵ, ਪੁਸਤਕਾਂ ਦਾ ਮਹੱਤਵ, ਪੁਸਤਕਾਂ ਇੱਕ ਚੰਗਾ ਸਾਥੀ, ਪੁਸਤਕਾਂ ਦੀਆਂ ਕਿਸਮਾਂ, ਪੁਸਤਕਾਂ ਦੀ ਚੋਣ ਵਿੱਚ ਸੁਚੇਤ, ਸਿੱਟਾ।



Scanned by Scanner Go

9) **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਪੁਲਿਸ ਕਮਿਸ਼ਨਰ ਸਾਹਿਬ ਨੂੰ ਆਪਣੇ ਇਲਾਕੇ ਵਿੱਚ ਅਗਵਾ ਕੀਤੇ ਜਾ ਰਹੇ ਬੱਚਿਆਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਸੰਬੰਧੀ ਪੱਤਰ ਲਿਖੋ।

ਨੁਕਤੇ: ਸੰਬੰਧਤੀ ਖ਼ਬਰ, ਵਿਸ਼ਾ, ਸਥਿਤੀ ਦਾ ਬਦਲਣਾ, ਬੱਚੇ ਅਗਵਾ ਕੀਤੇ ਜਾਣ, ਫਰਾਦਰ ਪੰਜਾਂ ਦੀ ਮੰਗ, ਮਾਪਿਆਂ ਦੀ ਪਰੇਸ਼ਾਨੀ ਦਾ ਵੱਧਣਾ, ਬੱਚਿਆਂ ਦੀ ਮੌਤ, ਵਾਰਦਾਤਾਂ, ਪ੍ਰਬੰਧਾਂ ਦੀ ਲੋੜ, ਆਮ ਮਾਹੌਲ ਵਿਗੜਿਆ, ਅੰਤਲਾ ਭਾਗ।

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ।

ਨੁਕਤੇ: ਬੋਰਡ ਵੱਲੋਂ ਨਤੀਜੇ ਦਾ ਐਲਾਨ, ਅਖਬਾਰ ਵਿੱਚ ਤਸਵੀਰ ਵੇਖਣਾ, ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ, ਬਹੁਤ ਖੁਸ਼ ਹੋਣਾ, ਖੁਸ਼ੀਆਂ ਨੂੰ ਸਾਥੀਆਂ ਨਾਲ ਸਾਂਝੀਆਂ ਕਰਨਾ, ਮਾਤਾ-ਪਿਤਾ ਨੂੰ ਵੀ ਵਧਾਈ ਉੱਜਲ ਭਵਿੱਖ ਦੀ ਕਾਮਨਾ।

10) **ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

11) **ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) 'ਘਰ ਦਾ ਪਿਆਰ' ਲੇਖ ਅਨੁਸਾਰ ਲੋਕਾਂ ਦੇ ਝੱਲਪੁਣੇ ਅਤੇ ਗੁੱਸੇ ਦਾ ਕਾਰਨ ਕੀ ਹੁੰਦਾ ਹੈ?

1) ਉਨ੍ਹਾਂ ਅੰਦਰ ਨਫ਼ਰਤ ਪਲਦੀ ਹੈ।

2) ਉਨ੍ਹਾਂ ਦਾ ਨੁਕਸਾਨ ਹੋ ਗਿਆ ਹੁੰਦਾ ਹੈ।

3) ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ।

4) ਉਹ ਦੁਨੀਆਂ ਨੂੰ ਬੇਵਕੂਫ਼ ਸਮਝਦੇ ਹਨ।

ਅ) ਬੋਲੀ ਲੇਖ ਅਨੁਸਾਰ ਬੋਲੀ ਦਾ ਖ਼ਜ਼ਾਨਾ ਕਿਸਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ?

1) ਬਚਪਨ 2) ਜਵਾਨੀ 3) ਬੁਢਾਪਾ 4) ਵੱਡੀ ਉਮਰ

ੲ) ਖਾਲਸਾ ਟ੍ਰੈਕਟ ਸੁਸਾਇਟੀ ਦਾ ਜੋ ਪਹਿਲਾਂ ਟ੍ਰੈਕਟ ਛਪਿਆ ਉਸਦਾ ਕੀ ਨਾਮ ਸੀ?

1) ਸਰਬੱਤ ਦਾ ਭਲਾ 2) ਪ੍ਰਾਰਥਨਾ 3) ਅਰਦਾਸ 4) ਕੀਰਤਨ

ਸ) 'ਕੁਲਫ਼ੀ' ਕਹਾਣੀ ਦਾ ਰਚਨਕਾਰ ਕੌਣ ਹੈ?

1) ਵਰਿਆਮ ਸਿੰਘ ਸੰਧੂ 2) ਸੁਜਾਨ ਸਿੰਘ 3) ਗੁਰਬਖ਼ਸ਼ ਸਿੰਘ ਪ੍ਰੀਤਲੜੀ 4) ਕੁਲਵੰਤ ਸਿੰਘ ਵਿਰਕ

ਹ) ਅਮਰੀਕ ਗੁਆਂਢੀਆਂ ਦੀ ਕਿਸ ਕੁੜੀ ਤੋਂ ਬਾਤਾਂ ਸੁਣ ਰਿਹਾ ਸੀ?

1) ਮਿੰਦੋ ਤੋਂ 2) ਨੰਦੀ ਤੋਂ 3) ਵੀਰੋ ਤੋਂ 4) ਸੀਤੋ ਤੋਂ

ਕ) ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ?

1) ਸੋਨਾ 2) ਰੁਪਏ 3) ਹੀਰੇ 4) ਇਹਨਾਂ ਵਿੱਚੋਂ ਕੋਈ ਨਹੀਂ

B-4

Scanned by Scanner Go

12) **ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਰਚਨਾ ਕਿਹੜੀ ਹੈ?

1) ਆਸਾ ਦੀ ਵਾਰ 2) ਜਪੁਜੀ ਸਾਹਿਬ 3) ਅਨੰਦ ਸਾਹਿਬ 4) ਸੁਖਮਨੀ ਸਾਹਿਬ

ਅ) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ?

1) ਸ੍ਰੀ ਗੁਰੂ ਤੇਗ ਬਹਾਦਰ ਜੀ 2) ਸ੍ਰੀ ਗੁਰੂ ਅਰਜਨ ਦੇਵ ਜੀ

3) ਸ੍ਰੀ ਗੁਰੂ ਗੋਬਿੰਦ ਸਿੰਘ ਜੀ 4) ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ

ੲ) 'ਕਿਰਪਾ ਕਰਿ ਕੈ ਬਖਸਿ ਲੈਹੁ' ਬਾਣੀ ਵਿੱਚ 'ਕਿਲਵਿਖ' ਸ਼ਬਦ ਕਾ ਦੀ ਅਰਥ ਹੈ?

1) ਪਾਪ 2) ਕਿਰਪਾ 3) ਦਿਆਲੁ 4) ਗੁਣ

ਸ) ਔਰੰਗਜ਼ੇਬ ਸ਼ਾਹੀ ਮਹੱਲ/ਦਰਬਾਰ ਵਿੱਚ ਕਿਸਦੀ ਸਖ਼ਤ ਮਨਾਹੀ ਹੋਣ ਕਾਰਨ ਇਸਨੂੰ ਬੰਦ ਕਰਨ ਲਈ ਕਹਿੰਦਾ ਹੈ?

1) ਰੰਗ ਅਤੇ ਰਾਗ ਨੂੰ 2) ਰੌਲੇ ਰੱਪੇਂ ਨੂੰ 3) ਨਾਹਰਿਆਂ ਨੂੰ 4) ਜਲੂਸ ਨੂੰ

ਹ) ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਕਿਸ ਦੀ ਸਿਫ਼ਤ ਕਰਨ ਨਾਲ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ?

1) ਰਾਜੇ ਦੀ ਸਿਫ਼ਤ ਨਾਲ 2) ਪਰਮਾਤਮਾ ਦੀ ਸਿਫ਼ਤ ਨਾਲ

3) ਗੁਰੂ ਦੀ ਮਹਿਮਾ ਨਾਲ 4) ਇਸਤਰੀ ਦੀ ਸਿਫ਼ਤ ਨਾਲ

ਕ) ਜ਼ੀਨਤ ਆਪਣੇ ਪਿਤਾ (ਔਰੰਗਜ਼ੇਬ) ਦੀ ਕਿੰਨ੍ਹੇ ਵਰ੍ਹੇ ਤੋਂ ਖਿਦਮਤ ਕਰ ਰਹੀ ਸੀ?

1) ਦਸ ਸਾਲਾਂ ਤੋਂ 2) ਪੰਦਰਾਂ ਸਾਲਾਂ ਤੋਂ 3) ਵੀਹ ਸਾਲਾਂ ਤੋਂ 4) ਤੀਹ ਸਾਲਾਂ ਤੋਂ

13) **ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਲੋਕਾਂ ਦੀ ਰੁਚੀ ਘਰਾਂ ਵੱਲ ਘੱਟ ਹੋਣ ਕਰਕੇ ਕਿਹੜੀ ਚੀਜ਼ ਸਿਰਫ਼ ਲੋਕਚਾਰਾ ਬਣ ਕੇ ਰਹਿ ਗਈ ਹੈ?

ਅ) ਅਣਬੋਲਿਆ ਮਨੁੱਖ ਕਿਸਦੇ ਸਮਾਨ ਹੈ?

ੲ) ਸਿੱਖ ਦੀ ਅਰਦਾਸ ਨਿੱਜੀ ਜ਼ਰੂਰਤਾਂ ਤੋਂ ਉੱਠ ਕੇ ਕਿਸ ਵਿੱਚ ਲੀਨ ਹੋ ਜਾਂਦੀ ਹੈ?

ਸ) ਲੇਖਕ ਨੂੰ ਖਰਚਣ ਲਈ ਕੀ ਮਿਲਦਾ ਸੀ?

ਹ) 'ਅੰਗਸੰਗ' ਕਹਾਣੀ ਅਨੁਸਾਰ ਨਾਨਕਿਆਂ ਨੇ ਜ਼ਿੰਮੇਵਾਰੀ ਦੀ ਪੱਗ ਕਿਸਦੇ ਸਿਰ ਬੰਨ੍ਹੀ ਸੀ?

14) **ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ** **(7×2=14)**

**(ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ):**

ੳ) 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਇਕ ਬਿਰਧ ਬੀਬੀ ਦਾ ਸੁਭਾਅ ਕਿਹੋ-ਜਿਹਾ ਚਿਤਰਿਆ ਹੈ?

ਅ) ਅੰਨੇ ਆਮ ਤੌਰ 'ਤੇ ਸਿਆਣੇ ਅਤੇ ਦਿਲਚਸਪ ਹੁੰਦੇ ਹਨ ਪਰ ਗੂੰਗੇ ਨਹੀਂ। ਕਿਉਂ?

ੲ) ਸਿੱਖ ਦੀ ਅਰਦਾਸ ਬਾਕੀਆਂ ਨਾਲੋਂ ਕਿਵੇਂ ਵੱਖਰੀ ਹੈ?

ਸ) ਕੁਲਫ਼ੀ ਵਾਲਾ ਕਿਸਨੂੰ ਕੁਲਫ਼ੀ ਦੇ ਰਿਹਾ ਸੀ ਤੇ ਉਸਨੂੰ ਦੇਖ ਕੇ ਕਾਕੇ ਨੇ ਕੀ ਕੀਤਾ?

ਹ) ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਮੋਹਲਤ/ ਰਿਆਇਤ ਦਿੱਤੀ ਸੀ?

ਕ) ਔਰੰਗਜ਼ੇਬ ਦੇ ਪਰੇਸ਼ਾਨ ਹੋਣ ਦਾ ਕੀ ਕਾਰਨ ਸੀ?

ਖ) 'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ' ਇਸ ਕਥਨ ਤੋਂ ਲੇਖਕ ਦਾਂ ਕੀ ਭਾਵ ਹੈ?

ਗ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਕਿਵੇਂ ਸ਼ਹੀਦ ਹੋਏ?

B-5

Scanned by Scanner Go

15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)

ੳ) 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਸਤਰੀ ਦੀ ਮਹਾਨਤਾ ਕਿੰਨ੍ਹਾਂ ਗੱਲਾਂ ਕਰਕੇ ਹੈ?

ਅ) 'ਬੋਲੀ ਬੜੀ ਮਹਿੰਗੀ ਤੇ ਪਿਆਰੀ ਵਿਰਾਸਤ ਹੈ'। ਲੇਖਕ ਦਾ ਇਸ ਕਥਨ ਤੋਂ ਕੀ ਭਾਵ ਹੈ?

ਜਾਂ

ਕੈਈ ਦੇ ਦਿਲ ਵਿੱਚ ਜਦੋਂ ਪਛਤਾਵਾ ਹੋਇਆ ਤਾਂ ਉਸਨੇ ਸੱਚੇ ਪਰਮਾਤਮਾ ਅੱਗੇ ਕੀ ਪ੍ਰਾਰਥਨਾ ਕੀਤੀ?

16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)

ੳ) 'ਜ਼ਫ਼ਰਨਾਮਾ' ਇਕਾਂਗੀ ਦੇ ਪਾਤਰ ਔਰੰਗਜ਼ੇਬ ਦੀ ਪਾਤਰ ਉਸਾਰੀ ਕਰੋ।

ਜਾਂ

ਬਾਦਸ਼ਾਹ ਔਰੰਗਜ਼ੇਬ ਨੇ ਬੇਟੀ ਜ਼ੀਨਤ ਤੋਂ ਕੀ ਲੁਕਾਇਆ ਸੀ ਤੇ ਕਿਉਂ?

B-6

Scanned by Scanner Go